Punjabi | ਪੰਜਾਬੀ



# ਸ਼ੁਰੂਆਤੀ ਬਾਲ ਸਿੱਖਿਆ ਅਤੇ ਦੇਖਭਾਲ ਵਿੱਚ ਸੁਰੱਖਿਆ

ਸ਼ੁਰੂਆਤੀ ਬਾਲ ਸਿੱਖਿਆ ਅਤੇ ਦੇਖਭਾਲ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇੱਕ ਗਾਈਡ। ਇਹ ਕਿਤਾਬਚਾ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਚੰਗੀ ਦੇਖਭਾਲ ਕਿਹੋ ਜਿਹੀ ਹੁੰਦੀ ਹੈ, ਕੀ ਪੁੱਛਣਾ ਚਾਹੀਦਾ ਹੈ ਅਤੇ ਜਦੋਂ ਕੁੱਝ ਠੀਕ ਮਹਿਸੂਸ ਨਾ ਹੋਵੇ ਤਾਂ ਆਪਣੀ ਗੱਲ ਕਿਵੇਂ ਕਹਿਣੀ ਹੈ।

ਇੱਕ ਸਾਂਝੇ ਉਪਰਾਲੇ ਤਹਿਤ

Body Safety Australia

GENWEST

GENWEST ਵਿਕਟੋਰੀਆ ਸਰਕਾਰ ਦੇ ਸਹਿਯੋਗ ਨੂੰ ਸਵੀਕਾਰ ਕਰਦਾ ਹੈ।

VICTORIA State Government

# ਲੇਖਕਾਂ ਬਾਰੇ

**Body Safety Australia (ਬਾਡੀ ਸੇਫ਼ਟੀ ਆਸਟ੍ਰੇਲੀਆ)** ਬੱਚਿਆਂ ਲਈ ਅਜਿਹਾ ਬਚਪਨ ਹੋਣ ਨੂੰ ਉਤਸ਼ਾਹਿਤ ਕਰਦਾ ਹੈ, ਜੋ ਹਿੰਸਾ ਤੋਂ ਮੁਕਤ ਹੋਵੇ ਅਤੇ ਜਿੱਥੇ ਬੱਚੇ ਬਰਾਬਰੀ ਅਤੇ ਸਤਿਕਾਰ ਭਰੇ ਰਿਸ਼ਤਿਆਂ ਦਾ ਅਨੁਭਵ ਕਰ ਸਕਣ।

ਅਸੀਂ ਬੱਚਿਆਂ, ਯੁਵਕਾਂ, ਪਰਿਵਾਰਾਂ ਅਤੇ ਭਾਈਚਾਰਿਆਂ ਲਈ ਸਬੂਤ-ਆਧਾਰਿਤ ਪ੍ਰੋਗਰਾਮ ਮੁਹੱਈਆ ਕਰਦੇ ਹਾਂ, ਤਾਂ ਜੋ ਘਰ ਅਤੇ ਸਕੂਲ ਦੇ ਮਾਹੌਲ ਵਿੱਚ, ਔਫ਼ਲਾਈਨ ਅਤੇ ਔਨਲਾਈਨ, ਬੱਚਿਆਂ ਵਿਰੁੱਧ ਹੋਣ ਵਾਲੀ ਹਿੰਸਾ ਨੂੰ ਰੋਕਣ ਵਿੱਚ ਮਦਦ ਕੀਤੀ ਜਾ ਸਕੇ।

**www.bodysafetyaustralia.com.au** 'ਤੇ ਜਾ ਕੇ ਹੋਰ ਜਾਣੋ।

---

**GenWest** ਮੈਲਬੌਰਨ ਦੇ ਪੱਛਮੀ ਇਲਾਕੇ ਵਿੱਚ ਪਰਿਵਾਰਕ ਅਤੇ ਲਿੰਗ ਅਧਾਰਿਤ ਹਿੰਸਾ ਨੂੰ ਰੋਕਣ ਅਤੇ ਉਸ ਪ੍ਰਤੀ ਜਵਾਬੀ ਕਾਰਵਾਈ ਕਰਨ ਲਈ ਕੰਮ ਕਰਦਾ ਹੈ।

ਅਸੀਂ ਸਮਾਜਿਕ ਅਤੇ ਸਿਹਤ ਸਿੱਖਿਆ ਪ੍ਰੋਗਰਾਮਾਂ ਰਾਹੀਂ, ਲੋਕਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਜੀਵਨ ਜੀਊਣ ਵਿੱਚ ਸਹਾਇਤਾ ਕਰਦੇ ਹਾਂ।

ਅਸੀਂ ਪਰਿਵਾਰਕ ਹਿੰਸਾ ਦਾ ਸਾਹਮਣਾ ਕਰ ਰਹੇ, ਬਾਲਗਾਂ ਅਤੇ ਬੱਚਿਆਂ ਨੂੰ ਸੁਰੱਖਿਅਤ ਰਹਿਣ ਅਤੇ ਲੋੜੀਂਦੀ ਮਦਦ ਪ੍ਰਾਪਤ ਕਰਨ ਵਿੱਚ ਵੀ ਸਹਾਇਤਾ ਕਰਦੇ ਹਾਂ।

ਵਧੇਰੇ ਜਾਣਕਾਰੀ ਲਈ **genwest.org.au** ਵੇਖੋ।

ਚੈਪਟਰ 1

# ਦੇਖਭਾਲ ਦੀਆਂ ਕਿਸਮਾਂ ਅਤੇ ਸੁਰੱਖਿਅਤ ਸੇਵਾ ਪ੍ਰਦਾਤਾ

**ਬੱਚੇ ਸਭ ਤੋਂ ਵੱਧ ਸੁਰੱਖਿਅਤ ਉਦੋਂ ਹੁੰਦੇ ਹਨ, ਜਦੋਂ ਬਾਲਗਾਂ ਨੂੰ ਇਹ ਪਤਾ ਹੋਵੇ ਕਿ ਚੰਗੀ ਦੇਖਭਾਲ ਕਿਹੋ ਜਿਹੀ ਹੁੰਦੀ ਹੈ। ਇਹ ਚੈਪਟਰ ਸ਼ੁਰੂਆਤੀ ਬਾਲ ਸਿੱਖਿਆ ਅਤੇ ਦੇਖਭਾਲ (ਚਾਈਲਡਕੇਅਰ) ਦੀਆਂ ਕਿਸਮਾਂ, ਅਤੇ ਤੁਸੀਂ ਕੀ ਉਮੀਦ ਕਰ ਸਕਦੇ ਹੋ, ਇਸ ਬਾਰੇ ਜਾਣਕਾਰੀ ਦਿੰਦਾ ਹੈ।**

## ਦੇਖਭਾਲ ਦੀਆਂ ਕਿਸਮਾਂ

| ਦੇਖਭਾਲ ਦੀਆਂ ਕਿਸਮਾਂ | ਇਹ ਕੀ ਹੁੰਦਾ ਹੈ | ਇਸ ਵਿੱਚ ਕੀ ਸ਼ਾਮਲ ਹੁੰਦਾ ਹੈ |
|---|---|---|
| ਪੂਰੇ ਦਿਨ ਦੀ ਦੇਖਭਾਲ | ਇੱਕ ਸੈਂਟਰ, ਜਿੱਥੇ ਤੁਹਾਡਾ ਬੱਚਾ ਜ਼ਿਆਦਾਤਰ ਦਿਨ ਜਾਂਦਾ ਹੈ। | ਸਵੇਰ ਤੋਂ ਸ਼ਾਮ ਤੱਕ ਦੀ ਦੇਖਭਾਲ। ਬੱਚੇ ਉੱਥੇ ਖਾਂਦੇ-ਪੀਂਦੇ, ਖੇਡਦੇ, ਸਿੱਖਦੇ, ਅਤੇ ਆਰਾਮ ਕਰਦੇ ਹਨ, ਆਮ ਤੌਰ ‘ਤੇ ਆਪਣੀ ਉਮਰ ਦੇ ਹੋਰ ਬੱਚਿਆਂ ਨਾਲ। ਇਹ ਐਜੂਕੇਟਰ ਯੋਗਤਾ ਪ੍ਰਾਪਤ ਹੁੰਦੇ ਹਨ। |
| ਫੈਮਿਲੀ ਡੇਅ ਕੇਅਰ | ਰਜਿਸਟਰਡ ਐਜੂਕੇਟਰ ਨਾਲ ਛੋਟੇ ਘਰੇਲੂ ਮਾਹੌਲ ਵਿੱਚ ਦੇਖਭਾਲ। | ਬੱਚਿਆਂ ਦੀ ਇੱਕ ਛੋਟੇ ਗਰੁੱਪ ਵਿੱਚ ਦੇਖਭਾਲ ਕੀਤੀ ਜਾਂਦੀ ਹੈ, ਜਿੱਥੇ ਵੱਖ-ਵੱਖ ਉਮਰ ਦੇ ਬੱਚੇ ਹੋ ਸਕਦੇ ਹਨ। |
| ਸੈਸ਼ਨਲ ਪ੍ਰੋਗਰਾਮ / ਕਦੇ-ਕਦਾਈਂ ਦੀ ਦੇਖਭਾਲ | ਕੁੱਝ ਘੰਟਿਆਂ ਜਾਂ ਕੁੱਝ ਦਿਨਾਂ ਲਈ ਦੇਖਭਾਲ, ਹਰ ਰੋਜ਼ ਨਹੀਂ। | ਥੋੜ੍ਹੇ ਸਮੇਂ ਵਾਲੇ ਪ੍ਰੋਗਰਾਮ, ਕਈ ਵਾਰ ਸੈਂਟਰ ਜਾਂ ਭਾਈਚਾਰਕ ਥਾਂ ‘ਤੇ। ਅਕਸਰ ਛੋਟੇ ਸਮੂਹ ਹੁੰਦੇ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਉਮਰ ਦੇ ਬੱਚੇ ਹੁੰਦੇ ਹਨ। ਇਹ ਐਜੂਕੇਟਰ ਯੋਗਤਾ ਪ੍ਰਾਪਤ ਹੁੰਦੇ ਹਨ। |
| ਰਿਸ਼ਤੇਦਾਰਾਂ ਦੁਆਰਾ ਦੇਖਭਾਲ | ਘਰ ਵਿੱਚ ਕਿਸੇ ਪਰਿਵਾਰਕ ਮੈਂਬਰ ਦੁਆਰਾ ਦੇਖਭਾਲ। | ਬੱਚਿਆਂ ਦੀ ਦੇਖਭਾਲ ਜਾਣ-ਪਛਾਣ ਵਾਲੇ ਘਰੇਲੂ ਮਾਹੌਲ ਵਿੱਚ ਕੀਤੀ ਜਾਂਦੀ ਹੈ। ਮਾਪਿਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੁਰੱਖਿਆ ਨਾਲ ਸੰਬੰਧਿਤ ਹੱਦਾਂ ਅਤੇ ਉਮੀਦਾਂ ਸਪੱਸ਼ਟ ਹੋਣ। |

## ਤਿੰਨ ਗੱਲਾਂ, ਜੋ ਮਾਪੇ ਪੁੱਛ ਸਕਦੇ ਹਨ

ਮੇਰੇ ਬੱਚੇ ਦੀ ਦੇਖਭਾਲ ਕੌਣ ਕਰੇਗਾ?

ਮੈਨੂੰ ਸਾਰੇ ਐਜੂਕੇਟਰਾਂ ਨੂੰ ਮਿਲਣ ਅਤੇ ਇਹ ਜਾਣਨ ਦਾ ਹੱਕ ਹੈ ਕਿ ਮੇਰੇ ਬੱਚੇ ਨਾਲ ਕੌਣ ਹੁੰਦਾ ਹੈ।

ਤੁਸੀਂ ਬੱਚਿਆਂ ਨੂੰ ਕਿਵੇਂ ਸੁਰੱਖਿਅਤ ਰੱਖਦੇ ਹੋ?

ਮੈਨੂੰ ਇਹ ਜਾਣਨ ਦਾ ਹੱਕ ਹੈ ਕਿ ਤੁਸੀਂ ਬੱਚਿਆਂ ਦੀ ਸੁਰੱਖਿਆ ਲਈ ਕਿਹੜੇ ਨਿਯਮਾਂ ਦੀ ਪਾਲਣਾ ਕਰਦੇ ਹੋ ਅਤੇ ਕਿਹੜੇ ਕਦਮ ਚੁੱਕਦੇ ਹੋ।

ਜੇਕਰ ਕੁੱਝ ਠੀਕ ਨਾ ਹੋਵੇ ਤਾਂ ਕੀ?

ਮੈਨੂੰ ਇਹ ਜਾਣਨ ਦਾ ਹੱਕ ਹੈ ਕਿ ਜੇਕਰ ਕੁੱਝ ਗਲਤ ਹੋ ਜਾਂਦਾ ਹੈ ਜਾਂ ਮੈਨੂੰ ਕੋਈ ਚਿੰਤਾ ਹੈ ਤਾਂ ਕੀ ਹੋਵੇਗਾ।



## ਟਾਇਲਟ ਅਤੇ ਕੱਪੜੇ ਬਦਲਣਾ

### ਕੀ ਉਚਿਤ ਹੈ?

- ਐਜੂਕੇਟਰ ਨਿੱਜੀ ਸਥਾਨ ਵਿੱਚ ਮਦਦ ਕਰਦੇ ਹਨ।
- ਉਹ ਸ਼ਾਂਤ ਅਤੇ ਦਿਆਲੂ ਢੰਗ ਨਾਲ ਬੱਚੇ ਨਾਲ ਗੱਲ ਕਰਦੇ ਹਨ।
- ਉਹ ਦੱਸਦੇ ਹਨ ਕਿ ਉਹ ਕੀ ਕਰ ਰਹੇ ਹਨ ਅਤੇ ਕਿਉਂ।
- ਉਹ ਬੱਚੇ ਨੂੰ ਸੁਰੱਖਿਅਤ, ਸਿਹਤਮੰਦ ਅਤੇ ਸਾਫ਼ ਰੱਖਣ ਲਈ ਜਿੰਨੀ ਲੋੜ ਹੋਵੇ ਉਨ੍ਹਾਂ ਹੀ ਛੂਹਦੇ ਹਨ।
- ਬੱਚਿਆਂ ਨੂੰ ਉਹ ਕੰਮ ਆਪਣੇ ਆਪ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜੋ ਉਹ ਕਰ ਸਕਦੇ ਹਨ।

### ਕੀ ਉਚਿਤ ਨਹੀਂ ਹੈ?

- ਵੱਡਿਆਂ ਨੂੰ ਬੱਚੇ ਨੂੰ ਲੋੜ ਤੋਂ ਵੱਧ ਨਹੀਂ ਛੂਹਣਾ ਚਾਹੀਦਾ।
- ਟਾਇਲਟ ਜਾਂ ਕੱਪੜੇ ਬਦਲਣ ਸਮੇਂ ਬੱਚਿਆਂ ਨੂੰ ਕਦੇ ਵੀ ਇਕੱਲਾ ਨਹੀਂ ਛੱਡਣਾ ਚਾਹੀਦਾ ਹੈ।
- ਬੱਚੇ ਹਮੇਸ਼ਾ ਘੱਟੋ-ਘੱਟ ਦੋ ਐਜੂਕੇਟਰਾਂ ਦੀ ਨਜ਼ਰ ਵਿੱਚ ਹੋਣੇ ਚਾਹੀਦੇ ਹਨ।
- ਐਜੂਕੇਟਰਾਂ ਨੂੰ ਬੱਚੇ ਨੂੰ ਸ਼ਰਮਿੰਦਾ, ਡਰਾਉਣਾ ਜਾਂ ਨੀਵਾਂ ਨਹੀਂ ਮਹਿਸੂਸ ਕਰਵਾਉਣਾ ਚਾਹੀਦਾ ਹੈ।
- ਜੇਕਰ ਬੱਚਾ ਪਰਦੇਦਾਰੀ ਚਾਹੁੰਦਾ ਹੈ, ਤਾਂ ਉਸਨੂੰ ਦਰਵਾਜ਼ੇ ਜਾਂ ਪਰਦੇ ਵਾਲਾ ਟਾਇਲਟ ਵਰਤਣ ਦੀ ਆਗਿਆ ਹੋਣੀ ਚਾਹੀਦੀ ਹੈ।
- ਜੇਕਰ ਬੱਚਾ ਸਮਰੱਥ ਹੋਵੇ, ਤਾਂ ਉਸਨੂੰ ਆਪਣੀ ਸਫ਼ਾਈ ਖੁਦ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

***ਮਾਪਿਆਂ ਲਈ ਸੁਝਾਅ:***

- ਤੁਹਾਨੂੰ ਇਹ ਪੁੱਛਣ ਦਾ ਅਧਿਕਾਰ ਹੈ ਕਿ ਟਾਇਲਟ ਅਤੇ ਨੈਪੀ ਬਦਲਣ ਦੀ ਪ੍ਰਕਿਰਿਆ ਕਿਵੇਂ ਕੀਤੀ ਜਾਂਦੀ ਹੈ।
- ਤੁਸੀਂ ਇਸ ਰੁਟੀਨ ਬਾਰੇ ਐਜੂਕੇਟਰ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ।
- ਜੇਕਰ ਤੁਹਾਨੂੰ ਕਿਸੇ ਐਜੂਕੇਟਰ ਦੇ ਵਿਵਹਾਰ ਬਾਰੇ ਚਿੰਤਾ ਹੈ, ਤਾਂ ਤੁਹਾਨੂੰ ਇਹ ਗੱਲ ਡਾਇਰੈਕਟਰ ਕੋਲ ਉਠਾਉਣ ਦਾ ਅਧਿਕਾਰ ਹੈ।

## ਬੱਚਿਆਂ ਦੀ ਸੁਰੱਖਿਆ ਲਈ ਚੰਗੀਆਂ ਆਦਤਾਂ ਕਿਹੋ ਜਿਹੀਆਂ ਹੁੰਦੀਆਂ ਹਨ



**ਇੱਕ ਵਧੀਆ ਚਾਈਲਡਕੇਅਰ ਸੈਂਟਰ:**

- ਬੱਚਿਆਂ ਦੀ ਹਰ ਵੇਲੇ ਘੱਟੋ-ਘੱਟ ਦੋ ਯੋਗਤਾ ਪ੍ਰਾਪਤ ਬਾਲਗਾਂ ਦੁਆਰਾ ਨਿਗਰਾਨੀ ਕੀਤੀ ਜਾਂਦੀ ਹੈ।
- ਉਨ੍ਹਾਂ ਕੋਲ ਬੱਚਿਆਂ ਦੀ ਸੁਰੱਖਿਆ ਲਈ ਆਚਰਨ-ਸੰਹਿਤਾ ਹੁੰਦੀ ਹੈ, ਅਤੇ ਉਹ ਉਸਦੀ ਪਾਲਣਾ ਕਰਦੇ ਹਨ।
- ਉਹ ਯੋਗਤਾ ਪ੍ਰਾਪਤ ਸਟਾਫ਼ ਰੱਖਦੇ ਹਨ, ਜਿੰਨ੍ਹਾ ਕੋਲ ਮੌਜੂਦਾ ਵਰਕਿੰਗ ਵਿਦ ਚਿਲਡਰਨ ਚੈੱਕ ਹੋਵੇ ਅਤੇ ਬੱਚਿਆਂ ਦੀ ਸੁਰੱਖਿਆ ਬਾਰੇ ਨਵੀਨਤਮ ਸਿਖਲਾਈ ਹੋਵੇ।
- ਬੱਚਿਆਂ ਨੂੰ ਆਪਣੀ ਗੱਲ ਕਹਿਣ ਲਈ ਉਤਸ਼ਾਹਿਤ ਕਰਦਾ ਹੈ ਅਤੇ ਜਦੋਂ ਉਹ ਗੱਲ ਕਰਦੇ ਹਨ ਤਾਂ ਉਹਨਾਂ ਦੀ ਗੱਲ ਧਿਆਨ ਨਾਲ ਸੁਣਦਾ ਹੈ।
- ਬੱਚਿਆਂ ਦੀ ਸੁਰੱਖਿਆ ਨੂੰ ਸਭ ਤੋਂ ਵੱਧ ਮਹੱਤਤਾ ਦਿੰਦਾ ਹੈ: ਇਸਦਾ ਮਤਲਬ ਹੈ ਕਿ ਹਰ ਫ਼ੈਸਲੇ ਵਿੱਚ ਬੱਚਿਆਂ ਦੀਆਂ ਲੋੜਾਂ ਨੂੰ ਪਹਿਲ ਦਿੱਤੀ ਜਾਂਦੀ ਹੈ।
- ਬੱਚਿਆਂ ਦੇ ਬਿਨਾਂ ਬੋਲੇ ਦਿੱਤੇ ਸੰਕੇਤਾਂ ‘ਤੇ ਵੀ ਧਿਆਨ ਦਿੰਦਾ ਹੈ।
- ਮਾਪਿਆਂ ਨਾਲ ਖੁੱਲ੍ਹੀ ਗੱਲਬਾਤ ਬਣਾਈ ਰੱਖਦਾ ਹੈ, ਅਤੇ ਸੁਝਾਵਾਂ ਜਾਂ ਫੀਡਬੈਕ ਨੂੰ ਸਵੀਕਾਰ ਕਰਦਾ ਹੈ।
- ਆਪਣੀ ਕੁਆਲਟੀ ਰੇਟਿੰਗ ਅਤੇ ਬੱਚਿਆਂ ਦੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕਰਦਾ ਹੈ।
- ਸੈਂਟਰ ਦਾ ਦੌਰਾ ਕਰਨ ਦੌਰਾਨ ਮਾਪੇ ਇਹ ਗੱਲਾਂ ਦੇਖ ਸਕਦੇ ਹਨ: ਧਿਆਨ ਦੇਣ ਵਾਲਾ ਸਟਾਫ਼, ਖੇਡਣ ਵਾਲੀਆਂ ਸੁਰੱਖਿਅਤ ਥਾਵਾਂ, ਗਤੀਵਿਧੀਆਂ ਵਿੱਚ ਰੁੱਝੇ ਹੋਏ ਬੱਚੇ, ਅਤੇ ਰੋਜ਼ਾਨਾ ਦੇ ਨਿਯਮਾਂ ਅਤੇ ਸੁਰੱਖਿਆ ਸੰਬੰਧੀ ਸਾਫ਼ ਜਾਣਕਾਰੀ।

## 2026 ਵਿੱਚ ਬੱਚਿਆਂ ਨੂੰ ਵਧੇਰੇ ਸੁਰੱਖਿਅਤ ਰੱਖਣ ਲਈ ਨਵੇਂ ਨਿਯਮ

**ਨੈਸ਼ਨਲ ਕੁਆਲਿਟੀ ਫ੍ਰੇਮਵਰਕ ਇਹ ਨਿਯਮ ਤੈਅ ਕਰਦਾ ਹੈ ਕਿ ਚਾਈਲਡਕੇਅਰ ਸੈਂਟਰ ਕਿਵੇਂ ਚਲਾਏ ਜਾਣੇ ਚਾਹੀਦੇ ਹਨ। 2026 ਵਿੱਚ, ਬੱਚਿਆਂ ਨੂੰ ਵਧੇਰੇ ਸੁਰੱਖਿਅਤ ਰੱਖਣ ਲਈ ਨਵੇਂ ਨਿਯਮ ਲਾਗੂ ਕੀਤੇ ਗਏ ਸਨ। ਇਹ ਨਿਯਮ ਸ਼ੁਰੂਆਤੀ ਬਾਲ ਸਿੱਖਿਆ ਅਤੇ ਦੇਖਭਾਲ ਦੌਰਾਨ, ਬੱਚਿਆਂ ਨੂੰ ਹੋਏ ਨੁਕਸਾਨ ਦੇ ਹਾਲੀਆ ਮਾਮਲਿਆਂ ਦੇ ਜਵਾਬ ਵਜੋਂ ਲਾਗੂ ਕੀਤੇ ਗਏ ਸਨ, ਜਿਸ ਵਿੱਚ ਮੈਲਬੌਰਨ ਦੇ ਮਾਮਲੇ ਵੀ ਸ਼ਾਮਲ ਹਨ।**

---

### 1 ਹਰ ਫ਼ੈਸਲੇ ਵਿੱਚ ਬੱਚਿਆਂ ਦੀ ਸੁਰੱਖਿਆ ਸਭ ਤੋਂ ਪਹਿਲਾਂ ਹੋਣੀ ਲਾਜ਼ਮੀ ਹੈ

'Paramount Consideration' (ਪੈਰਾਮਾਊਂਟ ਕੰਸੀਡਰੇਸ਼ਨ) ਇੱਕ ਨਵਾਂ ਨਿਯਮ ਹੈ ਜਿਸਦਾ ਮਤਲਬ ਹੈ ਕਿ ਸ਼ੁਰੂਆਤੀ ਬਾਲ ਸਿੱਖਿਆ ਅਤੇ ਦੇਖਭਾਲ ਸੇਵਾ ਵਿੱਚ ਕੰਮ ਕਰਨ ਜਾਂ ਇਸਨੂੰ ਚਲਾਉਣ ਵਾਲੇ ਹਰ ਵਿਅਕਤੀ ਨੂੰ ਆਪਣੇ ਹਰ ਫ਼ੈਸਲੇ ਵਿੱਚ ਬੱਚਿਆਂ ਦੀ ਸੁਰੱਖਿਆ, ਅਧਿਕਾਰਾਂ ਅਤੇ ਸਰਬੋਤਮ ਹਿੱਤਾਂ ਨੂੰ ਪਹਿਲ ਦੇਣੀ ਲਾਜ਼ਮੀ ਹੈ। ਇਸ ਵਿੱਚ ਇਸ ਗੱਲ ਨਾਲ ਸੰਬੰਧਿਤ ਫ਼ੈਸਲੇ ਵੀ ਸ਼ਾਮਲ ਹਨ ਕਿ ਸਟਾਫਿੰਗ, ਨਿਗਰਾਨੀ ਅਤੇ ਚਿੰਤਾਵਾਂ ਦਾ ਜਵਾਬ ਕਿਵੇਂ ਦਿੱਤਾ ਜਾਂਦਾ ਹੈ।

### 2 ਸਾਰੇ ਸਟਾਫ਼ ਅਤੇ ਵਲੰਟੀਅਰਾਂ ਲਈ ਬਾਲ ਸੁਰੱਖਿਆ ਸਿਖਲਾਈ ਪੂਰੀ ਕਰਨੀ ਲਾਜ਼ਮੀ ਹੈ

ਨਵੇਂ ਨਿਯਮਾਂ ਅਨੁਸਾਰ ਚਾਈਲਡਕੇਅਰ ਵਿੱਚ ਤੁਹਾਡੇ ਬੱਚੇ ਨਾਲ ਕੰਮ ਕਰਨ ਵਾਲੇ ਹਰ ਵਿਅਕਤੀ ਲਈ ਬਾਲ ਸੁਰੱਖਿਆ ਸੰਬੰਧੀ ਖ਼ਾਸ ਸਿਖਲਾਈ ਲੈਣੀ ਲਾਜ਼ਮੀ ਹੈ।

### 3 ਬੱਚਿਆਂ ਦੇ ਆਸ-ਪਾਸ ਨਿੱਜੀ ਫ਼ੋਨ ਅਤੇ ਯੰਤਰ ਕੋਲ ਰੱਖਣ ਦੀ ਆਗਿਆ ਨਹੀਂ ਹੈ

ਬੱਚਿਆਂ ਨਾਲ ਸਿੱਧੇ ਤੌਰ 'ਤੇ ਕੰਮ ਕਰਦੇ ਸਮੇਂ ਸਟਾਫ਼ ਨੂੰ ਆਪਣੇ ਕੋਲ ਨਿੱਜੀ ਫ਼ੋਨ ਜਾਂ ਫ਼ੋਟੋ ਜਾਂ ਵੀਡੀਓ ਬਣਾਉਣ ਵਾਲੇ ਯੰਤਰ ਰੱਖਣ ਦੀ ਆਗਿਆ ਨਹੀਂ ਹੈ। ਬੱਚਿਆਂ ਦੀਆਂ ਤਸਵੀਰਾਂ ਖਿੱਚਣ ਲਈ, ਸਿਰਫ਼ ਸੇਵਾ ਵੱਲੋਂ ਮੰਨਜ਼ੂਰ ਕੀਤੇ ਗਏ ਯੰਤਰ ਹੀ ਵਰਤੇ ਜਾ ਸਕਦੇ ਹਨ।

### 4 ਬੱਚੇ ਦੇ ਆਸ-ਪਾਸ ਅਣਉਚਿਤ ਵਿਵਹਾਰ ਕਰਨਾ ਹੁਣ ਇੱਕ ਗੰਭੀਰ ਅਪਰਾਧ ਹੈ

ਕੋਈ ਵੀ ਸਟਾਫ਼ ਮੈਂਬਰ ਜਾਂ ਵਾਲੰਟੀਅਰ ਕਿਸੇ ਬੱਚੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਕਰੇ ਜਿਸਨੂੰ ਕੋਈ ਸਮਝਦਾਰ ਵਿਅਕਤੀ ਅਣਉਚਿਤ ਮੰਨੇ, ਉਹ ਹੁਣ ਕਾਨੂੰਨ ਦੇ ਖਿਲਾਫ਼ ਹੈ। ਮੰਨਜ਼ੂਰਸ਼ੁਦਾ ਪ੍ਰਦਾਤਾਵਾਂ ਅਤੇ ਸੁਪਰਵਾਈਜ਼ਰਾਂ ਨੂੰ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਉਹਨਾਂ ਦੀ ਦੇਖਭਾਲ ਵਿੱਚ ਕੋਈ ਵੀ ਬੱਚਾ ਇਸ ਤਰ੍ਹਾਂ ਦੇ ਵਿਵਹਾਰ ਦਾ ਸਾਹਮਣਾ ਨਾ ਕਰੇ। ਅਣਉਚਿਤ ਵਿਵਹਾਰ ਵਿੱਚ ਬੱਚਿਆਂ ਨੂੰ ਚੁੰਮਣਾ, ਕਿਸੇ ਇੱਕ ਬੱਚੇ 'ਤੇ ਖ਼ਾਸ ਧਿਆਨ ਦੇਣਾ ਜਾਂ ਬੱਚਿਆਂ ਨੂੰ ਗੱਲਾਂ ਗੁਪਤ ਰੱਖਣ ਲਈ ਕਹਿਣਾ ਵਰਗੀਆਂ ਚੀਜ਼ਾਂ ਸ਼ਾਮਲ ਹਨ। ਜੇਕਰ ਤੁਹਾਨੂੰ ਕਿਸੇ ਐਜੂਕੇਟਰ ਦੇ ਵਿਵਹਾਰ ਬਾਰੇ ਯਕੀਨ ਨਾ ਹੋਵੇ, ਤਾਂ ਤੁਹਾਨੂੰ ਚਿੰਤਾ ਜਤਾਉਣ ਦਾ ਪੂਰਾ ਅਧਿਕਾਰ ਹੈ।

### 5 ਸ਼ੋਸ਼ਣ ਦੀ ਰਿਪੋਰਟ 24 ਘੰਟਿਆਂ ਦੇ ਅੰਦਰ-ਅੰਦਰ ਨਿਯੰਤਰਕ ਅਥਾਰਟੀ ਨੂੰ ਦੇਣੀ ਲਾਜ਼ਮੀ ਹੈ

ਜੇਕਰ ਕਿਸੇ ਸੇਵਾ ਵਿੱਚ, ਬੱਚੇ ਨਾਲ ਸਰੀਰਕ ਜਾਂ ਜਿਨਸੀ ਸ਼ੋਸ਼ਣ ਦੀ ਕੋਈ ਘਟਨਾ ਜਾਂ ਦੋਸ਼ ਸਾਹਮਣੇ ਆਉਂਦਾ ਹੈ,ਤਾਂ ਸੇਵਾ ਲਈ ਇਸ ਬਾਰੇ 24 ਘੰਟਿਆਂ ਦੇ ਅੰਦਰ-ਅੰਦਰ VECRA ਨੂੰ ਰਿਪੋਰਟ ਕਰਨੀ ਲਾਜ਼ਮੀ ਹੈ। VECRA ਚਾਈਲਡਕੇਅਰ ਖੇਤਰ ਨੂੰ ਨਿਯੰਤਰਿਤ ਕਰਦਾ ਹੈ, ਅਤੇ ਚਿੰਤਾਵਾਂ 'ਤੇ ਤੇਜ਼ੀ ਨਾਲ ਕਾਰਵਾਈ ਕਰ ਸਕਦਾ ਹੈ।

### ਇਸਦਾ ਮਾਪਿਆਂ ਲਈ ਕੀ ਮਤਲਬ ਹੈ

ਤੁਸੀਂ ਆਪਣੀ ਸੇਵਾ ਤੋਂ ਪੁੱਛ ਸਕਦੇ ਹੋ ਕਿ ਉਹ ਇਹ ਨਿਯਮ ਕਿਵੇਂ ਲਾਗੂ ਕਰ ਰਹੇ ਹਨ। ਇੱਕ ਸੁਰੱਖਿਅਤ ਸੇਵਾ ਇਸ ਬਾਰੇ ਸਮਝਾਉਣ ਦੇ ਯੋਗ ਹੋਵੇਗੀ।



## ਅਰਲੀ ਚਾਈਲਡਹੁੱਡ ਸਹੂਲਤ ਵਿੱਚ ਫ਼ੋਟੋਗ੍ਰਾਫੀ ਅਤੇ ਤਸਵੀਰਾਂ ਲਈ ਸਹਿਮਤੀ

**ਆਸਟ੍ਰੇਲੀਆ ਵਿੱਚ, ਅਸੀਂ ਸਹਿਮਤੀ ਬਾਰੇ ਗੱਲ ਕਰਦੇ ਹਾਂ। ਸਹਿਮਤੀ ਦਾ ਮਤਲਬ ਹੈ ਕਿਸੇ ਦੀ ਤਸਵੀਰ ਖਿੱਚਣ ਜਾਂ ਸਾਂਝੀ ਕਰਨ ਤੋਂ ਪਹਿਲਾਂ ਉਸ ਤੋਂ ਆਗਿਆ ਮੰਗਣਾ, ਅਤੇ ਉਸਦੇ ਜਵਾਬ ਦਾ ਸਤਿਕਾਰ ਕਰਨਾ।**

ਸਿੱਖਿਆ ਅਤੇ ਦਸਤਾਵੇਜ਼ੀਕਰਨ ਲਈ, ਸ਼ੁਰੂਆਤੀ ਬਾਲ ਸਿੱਖਿਆ ਅਤੇ ਦੇਖਭਾਲ ਦੌਰਾਨ ਬੱਚਿਆਂ ਦੀਆਂ ਤਸਵੀਰਾਂ ਖਿੱਚੀਆਂ ਜਾ ਸਕਦੀਆਂ ਹਨ। ਸੇਵਾਵਾਂ ਕੋਲ ਇਸ ਬਾਰੇ ਸਪੱਸ਼ਟ ਨਿਯਮ ਹੋਣੇ ਲਾਜ਼ਮੀ ਹਨ ਕਿ ਤਸਵੀਰਾਂ ਕਿਵੇਂ ਖਿੱਚੀਆਂ, ਸੰਭਾਲੀਆਂ ਅਤੇ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਸਟਾਫ਼ ਨੂੰ ਬੱਚਿਆਂ ਦੀਆਂ ਤਸਵੀਰਾਂ ਖਿੱਚਣ ਲਈ, ਸਿਰਫ਼ ਸੈਂਟਰ ਦੁਆਰਾ ਮੰਨਜ਼ੂਰ ਕੀਤੇ ਯੰਤਰ ਹੀ ਵਰਤਣੇ ਚਾਹੀਦੇ ਹਨ। ਨਿੱਜੀ ਫ਼ੋਨ ਜਾਂ ਨਿੱਜੀ ਯੰਤਰ ਨਹੀਂ ਵਰਤੇ ਜਾਣੇ ਚਾਹੀਦੇ ਹਨ। ਆਮ ਤੌਰ 'ਤੇ ਨਾਮ ਦਾਖ਼ਲ ਕਰਨ ਸਮੇਂ ਮਾਪਿਆਂ ਤੋਂ ਤਸਵੀਰਾਂ ਅਤੇ ਵੀਡੀਓਜ਼ ਲਈ ਸਹਿਮਤੀ ਲਈ ਜਾਂਦੀ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੁੰਦਾ ਹੈ ਕਿ ਉਹ ਕਿਵੇਂ ਵਰਤੀਆਂ ਜਾਂ ਅੱਗੇ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ। ਕਈ ਸੇਵਾਵਾਂ ਪਰਿਵਾਰਾਂ ਨਾਲ ਅੱਪਡੇਟਾਂ, ਸਿੱਖਣ ਦੀਆਂ ਕਹਾਣੀਆਂ ਅਤੇ ਤਸਵੀਰਾਂ ਸਾਂਝੀਆਂ ਕਰਨ ਲਈ ਸੁਰੱਖਿਅਤ ਡਿਜ਼ੀਟਲ ਪਲੇਟਫਾਰਮ ਵਰਤਦੀਆਂ ਹਨ। ਮਾਪਿਆਂ ਕੋਲ ਇਹ ਜਾਣਨ ਦਾ ਅਧਿਕਾਰ ਵੀ ਹੈ ਕਿ ਤਸਵੀਰਾਂ ਕਿਵੇਂ ਸੰਭਾਲੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਕੌਣ ਦੇਖ ਸਕਦਾ ਹੈ। ਸਾਰੇ ਬੱਚਿਆਂ ਦੀ ਨਿੱਜਤਾ ਦੀ ਰੱਖਿਆ ਲਈ, ਮਾਪਿਆਂ ਨੂੰ ਸੈਂਟਰ ਵਿੱਚ ਬੱਚਿਆਂ ਦੀਆਂ ਤਸਵੀਰਾਂ ਨਹੀਂ ਖਿੱਚਣੀਆਂ ਚਾਹੀਦੀਆਂ, ਆਪਣੇ ਬੱਚੇ ਦੀਆਂ ਵੀ ਨਹੀਂ।

### ਇੱਥੇ ਪੁੱਛਣ ਲਈ ਸਵਾਲਾਂ ਦੀ ਇੱਕ ਛੋਟੀ ਜਿਹੀ ਸੂਚੀ ਦਿੱਤੀ ਗਈ ਹੈ:

- ਮੇਰੇ ਬੱਚੇ ਦੀਆਂ ਤਸਵੀਰਾਂ ਕਿਵੇਂ ਖਿੱਚੀਆਂ ਜਾਂਦੀਆਂ ਹਨ?
- ਕੀ ਤੁਸੀਂ ਮੇਰੇ ਬੱਚੇ ਦੀ ਤਸਵੀਰ ਖਿੱਚਣ ਤੋਂ ਪਹਿਲਾਂ ਉਸਦੀ ਇਜਾਜ਼ਤ ਲਵੋਗੇ?
- ਮੇਰੇ ਬੱਚੇ ਦੀਆਂ ਤਸਵੀਰਾਂ ਕਿੱਥੇ ਸੰਭਾਲੀਆਂ ਜਾਂਦੀਆਂ ਹਨ ਅਤੇ ਉਹਨਾਂ ਤੱਕ ਕਿਸਦੀ ਪਹੁੰਚ ਹੁੰਦੀ ਹੈ?
- ਤੁਸੀਂ ਇਹ ਕਿਵੇਂ ਯਕੀਨੀ ਬਣਾਉਂਦੇ ਹੋ ਕਿ ਤਸਵੀਰਾਂ ਨਿੱਜੀ ਫ਼ੋਨਾਂ ਵਿੱਚ ਸੇਵ ਨਾ ਹੋਣ?
- ਤੁਸੀਂ ਤਸਵੀਰਾਂ ਅਤੇ ਅੱਪਡੇਟ ਸਾਂਝੇ ਕਰਨ ਲਈ ਕਿਹੜੀਆਂ ਐਪਾਂ ਜਾਂ ਪਲੇਟਫਾਰਮ ਵਰਤਦੇ ਹੋ?
- ਇਨ੍ਹਾਂ ਪਲੇਟਫਾਰਮਾਂ 'ਤੇ ਮੇਰੇ ਬੱਚੇ ਦੀਆਂ ਤਸਵੀਰਾਂ ਕੌਣ ਦੇਖ ਸਕਦਾ ਹੈ?

**ਮਾਪਿਆਂ ਲਈ ਕਹਿਣ ਦੇ ਤਰੀਕੇ**

"ਜਦੋਂ ਕੋਈ ਤੁਹਾਡੀ ਤਸਵੀਰ ਖਿੱਚਣਾ ਚਾਹੇ, ਤਾਂ ਉਹਨਾਂ ਨੂੰ ਪਹਿਲਾਂ ਤੁਹਾਡੇ ਤੋਂ ਪੁੱਛਣਾ ਚਾਹੀਦਾ ਹੈ। ਤੁਸੀਂ "ਹਾਂ" ਜਾਂ "ਨਹੀਂ" ਕਹਿ ਸਕਦੇ ਹੋ। ਤੁਹਾਡਾ ਸਰੀਰ ਤੁਹਾਡਾ ਆਪਣਾ ਹੈ, ਅਤੇ ਤੁਹਾਡੀਆਂ ਤਸਵੀਰਾਂ ਅਤੇ ਵੀਡੀਓਜ਼ ਵੀ ਤੁਹਾਡੀਆਂ ਆਪਣੀਆਂ ਹਨ।"



### ਔਨਲਾਈਨ ਬਾਲ ਜਿਨਸੀ ਦੁਰਵਿਵਹਾਰ ਜਾਣਕਾਰੀ

ਕਈ ਵਾਰ ਕੋਈ ਵਿਅਕਤੀ ਬੱਚਿਆਂ ਦੀਆਂ ਅਜਿਹੀਆਂ ਤਸਵੀਰਾਂ ਜਾਂ ਵੀਡੀਓਜ਼ ਲੈ ਸਕਦਾ ਜਾਂ ਅੱਗੇ ਸਾਂਝੀਆਂ ਕਰ ਸਕਦਾ ਹੈ, ਜੋ ਅਸ਼ਲੀਲ ਜਾਂ ਨੁਕਸਾਨਦਾਇਕ ਹੁੰਦੀਆਂ ਹਨ। ਇਹ ਇੱਕ ਗੰਭੀਰ ਅਪਰਾਧ ਹੈ। ਇਸਨੂੰ ਬਾਲ ਜਿਨਸੀ ਦੁਰਵਿਵਹਾਰ ਸਮੱਗਰੀ, ਜਾਂ CSAM ਕਿਹਾ ਜਾਂਦਾ ਹੈ। ਜਦੋਂ ਕੋਈ ਵਿਅਕਤੀ ਔਨਲਾਈਨ ਬੱਚਿਆਂ ਦੀਆਂ ਅਜਿਹੀਆਂ ਤਸਵੀਰਾਂ ਹਾਸਲ ਕਰਨ ਜਾਂ ਭੇਜਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਹ ਵੀ ਇੱਕ ਅਪਰਾਧ ਹੈ। ਇਸਨੂੰ ਬਾਲ ਜਿਨਸੀ ਸ਼ੋਸ਼ਣ ਸਮੱਗਰੀ, ਜਾਂ CSEM ਕਿਹਾ ਜਾਂਦਾ ਹੈ। ਜੇਕਰ ਤੁਹਾਨੂੰ ਚਿੰਤਾ ਹੈ ਕਿ ਤੁਹਾਡੇ ਬੱਚੇ ਨਾਲ ਅਜਿਹਾ ਕੁੱਝ ਹੋਇਆ ਹੈ, ਜਾਂ ਕੋਈ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਤੁਸੀਂ eSafety Commissioner (ਈ-ਸੇਫ਼ਟੀ ਕਮਿਸ਼ਨਰ) ਤੋਂ **esafety.gov.au** ਰਾਹੀਂ ਮਦਦ ਲੈ ਸਕਦੇ ਹੋ, ਜਾਂ ਪੁਲਿਸ ਨਾਲ ਸੰਪਰਕ ਕਰ ਸਕਦੇ ਹੋ।

ਚੈਪਟਰ 2

# ਪੁਰਸ਼ ਐਜੂਕੇਟਰ

**ਬੱਚੇ ਸਭ ਤੋਂ ਵੱਧ ਸੁਰੱਖਿਅਤ ਉਦੋਂ ਹੁੰਦੇ ਹਨ, ਜਦੋਂ ਸਾਰੇ ਐਜੂਕੇਟਰ ਸਪੱਸ਼ਟ ਅਤੇ ਆਦਰਪੂਰਨ ਤਰੀਕੇ ਅਪਣਾਉਂਦੇ ਹਨ। ਕੁੱਝ ਮਾਪੇ ਪੁਰਸ਼ ਐਜੂਕੇਟਰਾਂ ਬਾਰੇ ਚਿੰਤਤ ਹੁੰਦੇ ਹਨ। ਸੁਰੱਖਿਆ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਬਾਲਗ਼ ਕੀ ਕਰਦੇ ਹਨ, ਨਾ ਕਿ ਉਹਨਾਂ ਦੀ ਲਿੰਗ ਪਹਿਚਾਣ 'ਤੇ। ਇਹ ਭਾਗ ਦਿਖਾਉਂਦਾ ਹੈ ਕਿ ਸੁਰੱਖਿਅਤ ਵਿਵਹਾਰ ਕਿਵੇਂ ਦਾ ਦਿਖਾਈ ਦਿੰਦਾ ਹੈ, ਅਤੇ ਮਾਪੇ ਕਿਹੜੀਆਂ ਗੱਲਾਂ 'ਤੇ ਧਿਆਨ ਦੇ ਸਕਦੇ ਹਨ।**



## ਤਿੰਨ ਸਪੱਸ਼ਟ ਤੌਰ 'ਤੇ ਵੇਖੇ ਜਾਣ ਵਾਲੇ ਨਿਯਮ



### 1. ਸ਼ਾਂਤ ਅਤੇ ਸਤਿਕਾਰ ਭਰਿਆ ਵਿਵਹਾਰ

- ਐਜੂਕੇਟਰ ਸ਼ਾਂਤ ਆਵਾਜ਼ ਵਿੱਚ ਗੱਲ ਕਰਦਾ ਹੈ।
- ਉਹ ਬੱਚੇ ਨੂੰ ਦੱਸਦੇ ਹਨ ਕਿ ਉਹ ਕੀ ਕਰ ਰਹੇ ਹਨ।
- ਬੱਚੇ ਸਹਿਜ ਲੱਗਦੇ ਹਨ ਅਤੇ ਡਰੇ ਹੋਏ ਨਹੀਂ ਲੱਗਦੇ ਹਨ।



### 2. ਸਪੱਸ਼ਟ ਹੱਦਾਂ ਅਤੇ ਨਿਗਰਾਨੀ

- ਐਜੂਕੇਟਰ ਉੱਥੇ ਰਹਿੰਦਾ ਹੈ, ਜਿੱਥੇ ਬਾਕੀ ਦੇ ਬਾਲਗ ਉਹਨਾਂ ਨੂੰ ਦੇਖ ਸਕਦੇ ਹਨ।
- ਉਹ ਬੱਚਿਆਂ ਨੂੰ ਲੁਕਵੀਆਂ ਜਾਂ ਬੰਦ ਥਾਵਾਂ 'ਤੇ ਨਹੀਂ ਲੈ ਕੇ ਜਾਂਦੇ ਹਨ।
- ਉਹ ਬੱਚੇ ਨੂੰ ਸਿਰਫ਼ ਦੇਖਭਾਲ ਜਾਂ ਸੁਰੱਖਿਆ ਲਈ ਲੋੜ ਪੈਣ 'ਤੇ ਹੀ ਛੂੰਹਦੇ ਹਨ, ਜਾਂ ਜੇਕਰ ਬੱਚਾ ਗੱਲਵਕੜੀ ਪਾਉਣ ਲਈ ਕਹੇ।
- ਉਹ ਬੱਚਿਆਂ ਦੇ ਆਲੇ-ਦੁਆਲੇ ਨਿੱਜੀ ਯੰਤਰਾਂ ਦੀ ਵਰਤੋਂ ਨਹੀਂ ਕਰਦੇ ਹਨ।
- ਉਹ ਬੱਚਿਆਂ ਨੂੰ ਸਿਰਫ਼ ਉਹੀ ਕੰਮ ਕਰਨ ਲਈ ਕਹਿੰਦੇ ਹਨ ਜੋ ਉਹਨਾਂ ਦੀ ਉਮਰ ਮੁਤਾਬਿਕ ਢੁੱਕਵੇਂ ਹੋਣ।



### 3. ਬੱਚੇ ਦੀ ਮਰਜ਼ੀ ਦਾ ਸਮਰਥਨ ਕਰਨਾ

- ਐਜੂਕੇਟਰ ਬੱਚੇ ਨੂੰ ਆਪਣੇ ਆਪ ਕੰਮ ਕਰਨ ਵਿੱਚ ਮਦਦ ਕਰਦਾ ਹੈ।
- ਮਦਦ ਕਰਨ ਤੋਂ ਪਹਿਲਾਂ ਉਹ ਬੱਚੇ ਨੂੰ ਪੁੱਛਦੇ ਜਾਂ ਦੱਸਦੇ ਹਨ।
- ਉਹ ਫ਼ੋਟੋਆਂ ਖਿੱਚਣ ਤੋਂ ਪਹਿਲਾਂ ਸਹਿਮਤੀ ਮੰਗਦੇ ਹਨ।
- ਜੇਕਰ ਕੋਈ ਬੱਚਾ 'ਨਹੀਂ' ਕਹਿੰਦਾ ਹੈ ਜਾਂ ਅਸਹਿਜ ਮਹਿਸੂਸ ਕਰਦਾ ਹੈ, ਤਾਂ ਉਹ ਉਸਦੀ ਗੱਲ ਸੁਣਦੇ ਹਨ।



## ਸਥਿਤੀਆਂ

### ਉਚਿਤ ਵਿਵਹਾਰ

- ਐਜੂਕੇਟਰ ਬੱਚੇ ਨੂੰ ਆਪਣੇ ਹੱਥ ਧੋਣ ਵਿੱਚ ਮਦਦ ਕਰਦਾ ਹੈ। ਉਹ ਕਹਿੰਦਾ ਹੈ, 'ਆਓ ਹੁਣ ਤੁਹਾਡੇ ਹੱਥ ਧੋਈਏ' ਅਤੇ ਬੱਚੇ ਦੇ ਕੋਲ ਖੜ੍ਹਾ ਰਹਿੰਦਾ ਹੈ। ਬਾਕੀ ਦੇ ਬੱਚੇ ਅਤੇ ਸਟਾਫ਼ ਨੇੜੇ ਮੌਜੂਦ ਹੁੰਦੇ ਹਨ। ਬੱਚਾ ਨਾਲ-ਨਾਲ ਚਲਦਾ ਹੈ ਅਤੇ ਸ਼ਾਂਤ ਦਿਖਾਈ ਦਿੰਦਾ ਹੈ।

- ਬੱਚਾ ਸੈਂਟਰ ਵਿੱਚ ਉਸਨੂੰ ਛੱਡੇ ਜਾਣ ਵੇਲੇ ਪ੍ਰੇਸ਼ਾਨ ਹੈ। ਐਜੂਕੇਟਰ ਬੱਚੇ ਦੇ ਬਰਾਬਰ 'ਤੇ ਬੈਠਦਾ ਹੈ ਅਤੇ ਕਹਿੰਦਾ ਹੈ, 'ਉਦਾਸ ਮਹਿਸੂਸ ਕਰਨਾ ਠੀਕ ਹੈ। ਮੰਮੀ ਬਾਅਦ ਵਿੱਚ ਵਾਪਸ ਆ ਜਾਵੇਗੀ।' ਉਹ ਬੱਚੇ ਨੂੰ ਕੋਈ ਗਤੀਵਿਧੀ ਕਰਨ ਲਈ ਵੱਖ-ਵੱਖ ਮਰਜ਼ੀ ਦਿੰਦਾ ਹੈ। ਬੱਚਾ ਹੌਲੀ-ਹੌਲੀ ਸ਼ਾਂਤ ਹੋ ਜਾਂਦਾ ਹੈ।

### ਅਜਿਹਾ ਵਿਵਹਾਰ, ਜੋ ਸਵਾਲ ਖੜ੍ਹੇ ਕਰ ਸਕਦਾ ਹੈ:

- ਐਜੂਕੇਟਰ ਬੱਚੇ ਨੂੰ ਬਿਨਾਂ ਦੱਸੇ ਚੁੱਕ ਕੇ ਕਿਸੇ ਹੋਰ ਥਾਂ ਲੈ ਜਾਂਦਾ ਹੈ। ਬੱਚਾ ਪਰੇਸ਼ਾਨ ਲੱਗਦਾ ਹੈ ਅਤੇ ਹੇਠਾਂ ਉਤਰਨ ਦੀ ਕੋਸ਼ਿਸ਼ ਕਰਦਾ ਹੈ।

- ਐਜੂਕੇਟਰ ਇੱਕ ਹੀ ਬੱਚੇ ਵੱਲ ਬਹੁਤ ਜ਼ਿਆਦਾ ਖ਼ਾਸ ਧਿਆਨ ਦਿੰਦਾ ਹੈ। ਉਹ ਅਕਸਰ ਉਸ ਬੱਚੇ ਨੂੰ ਹੋਰਾਂ ਤੋਂ ਦੂਰ ਕਿਸੇ ਸ਼ਾਂਤ ਥਾਂ 'ਤੇ ਲੈ ਜਾਂਦਾ ਹੈ, ਘਰ ਤੋਂ ਉਸ ਲਈ ਖਿਡੌਣੇ ਲਿਆਉਂਦਾ ਹੈ ਅਤੇ ਜਦੋਂ ਬੱਚਾ ਦੋਸਤਾਂ ਨਾਲ ਖੇਡਣ ਵਿੱਚ ਰੁੱਝਿਆ ਹੋਵੇ ਤਾਂ ਵੀ ਉਸਨੂੰ ਵਾਰ-ਵਾਰ ਜੱਫੀਆਂ ਪਾਉਂਦਾ ਹੈ। ਤੁਸੀਂ ਇਹ ਵੇਖਦੇ ਹੋ ਅਤੇ ਅਸਮੰਜ ਮਹਿਸੂਸ ਕਰਦੇ ਹੋ।

## ਧਿਆਨ ਰੱਖਣ ਵਾਲੇ ਅਸੁਰੱਖਿਅਤ ਵਿਵਹਾਰ



**ਕਈ ਵਾਰ ਬਾਲਗ ਬੱਚਿਆਂ ਨਾਲ 'ਖ਼ਾਸ' ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਹ ਸੁਰੱਖਿਅਤ ਨਹੀਂ ਹੈ।**

**ਮਾਪੇ ਇਨ੍ਹਾਂ ਗੱਲਾਂ 'ਤੇ ਨਜ਼ਰ ਰੱਖ ਸਕਦੇ ਹਨ:**

- ਬੱਚੇ ਨੂੰ ਕੋਈ ਗੱਲ ਗੁਪਤ ਰੱਖਣ ਲਈ ਕਹਿਣਾ।
- ਇੱਕ ਬੱਚੇ ਨੂੰ ਖ਼ਾਸ ਤੋਹਫ਼ੇ ਦੇਣਾ ਜਾਂ ਬਾਕੀ ਬੱਚਿਆਂ ਨਾਲੋਂ ਕਾਫ਼ੀ ਵੱਧ ਧਿਆਨ ਦੇਣਾ।
- ਬੱਚੇ ਨੂੰ ਬਾਕੀ ਦੇ ਬਾਲਗਾਂ ਜਾਂ ਬੱਚਿਆਂ ਤੋਂ ਦੂਰ ਲੈ ਜਾਣਾ।
- ਬੱਚੇ ਲਈ ਆਮ ਨਿਯਮਾਂ ਜਾਂ ਰੁਟੀਨ ਦੀ ਪਾਲਣਾ ਨਾ ਕਰਨਾ।
- ਬੱਚੇ ਤੋਂ ਪਿਆਰ ਜਾਂ ਗਲਵੱਕੜੀ ਲੈਣ ਦੀ ਕੋਸ਼ਿਸ਼ ਕਰਨਾ।
- ਬੱਚਿਆਂ ਦੀਆਂ ਬਹੁਤ ਜ਼ਿਆਦਾ ਜਾਂ ਅਣਉਚਿਤ ਤਸਵੀਰਾਂ ਖਿੱਚਣਾ।
- ਆਪਣੇ ਵਿਵਹਾਰ ਬਾਰੇ ਬਾਕੀ ਦੇ ਬਾਲਗਾਂ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕਰਨਾ।

## ਮਾਪਿਆਂ ਲਈ ਗੱਲਬਾਤ ਦੇ ਤਰੀਕੇ

ਜੇਕਰ ਕੁੱਝ ਠੀਕ ਮਹਿਸੂਸ ਨਾ ਹੋਵੇ, ਤਾਂ ਤੁਸੀਂ ਸਵਾਲ ਪੁੱਛ ਸਕਦੇ ਹੋ ਅਤੇ ਮਦਦ ਲੈ ਸਕਦੇ ਹੋ।

"ਮੈਂ ਇਹ ਸਮਝਣਾ ਚਾਹੁੰਦਾ ਹਾਂ ਕਿ ਸਾਰੇ ਐਜੂਕੇਟਰ ਬੱਚਿਆਂ ਦੀ ਦੇਖਭਾਲ ਕਿਵੇਂ ਕਰਦੇ ਹਨ। ਕੀ ਤੁਸੀਂ ਮੈਨੂੰ ਛੂਹਣ ਅਤੇ ਨਿਗਰਾਨੀ ਨਾਲ ਸੰਬੰਧਿਤ ਆਪਣੇ ਨਿਯਮਾਂ ਬਾਰੇ ਦੱਸ ਸਕਦੇ ਹੋ?"

"ਮੈਂ ਅੱਜ ਕੁੱਝ ਅਜਿਹਾ ਵੇਖਿਆ, ਜੋ ਮੈਨੂੰ ਠੀਕ ਨਹੀਂ ਲੱਗਿਆ। ਕੀ ਤੁਸੀਂ ਮੈਨੂੰ ਇਹ ਸਮਝਾਉਣ ਵਿੱਚ ਮਦਦ ਕਰ ਸਕਦੇ ਹੋ ਕਿ ਕੀ ਹੋਇਆ?"

ਚੈਪਟਰ 3

# ਆਵਾਜ਼ ਉਠਾਉਣਾ

**ਜਦੋਂ ਬਾਲਗ ਆਵਾਜ਼ ਉਠਾਉਂਦੇ ਹਨ, ਤਾਂ ਬੱਚੇ ਸਭ ਤੋਂ ਵੱਧ ਸੁਰੱਖਿਅਤ ਹੁੰਦੇ ਹਨ। ਸਵਾਲ ਪੁੱਛਣਾ ਜਾਂ ਚਿੰਤਾ ਜਤਾਉਣਾ ਮੁਸ਼ਕਿਲ ਮਹਿਸੂਸ ਹੋ ਸਕਦਾ ਹੈ। ਤੁਹਾਨੂੰ ਟਕਰਾਅ ਪੈਦਾ ਹੋਣ ਦੀ ਚਿੰਤਾ ਹੋ ਸਕਦੀ ਹੈ। ਆਵਾਜ਼ ਉਠਾਉਣਾ ਤੁਹਾਡਾ ਅਧਿਕਾਰ ਹੈ। ਇਸ ਨਾਲ ਤੁਸੀਂ, ਤੁਹਾਡਾ ਬੱਚਾ ਅਤੇ ਹੋਰ ਬੱਚੇ ਸੁਰੱਖਿਅਤ ਰਹਿ ਸਕਦੇ ਹਨ।**

## ਚਿੰਤਾ ਉਠਾਉਣ ਦੇ ਚਾਰ ਕਦਮ

1. ਜਦੋਂ ਕੁੱਝ ਠੀਕ ਨਾ ਲੱਗੇ ਜਾਂ ਠੀਕ ਮਹਿਸੂਸ ਨਾ ਹੋਵੇ, ਤਾਂ ਧਿਆਨ ਦਿਓ।
2. ਜੇ ਤੁਸੀਂ ਵੇਖਿਆ, ਉਸ ਬਾਰੇ ਕਿਸੇ ਐਜੂਕੇਟਰ ਨਾਲ ਗੱਲ ਕਰੋ।
3. ਸਵਾਲ ਪੁੱਛੋ ਅਤੇ ਜਵਾਬ ਨੂੰ ਧਿਆਨ ਨਾਲ ਸੁਣੋ।
4. ਜੇਕਰ ਤੁਹਾਨੂੰ ਫਿਰ ਵੀ ਸ਼ੱਕ ਹੋਵੇ, ਤਾਂ ਡਾਇਰੈਕਟਰ ਨਾਲ ਗੱਲ ਕਰੋ।



### ਕਰੋ

- ਸ਼ਾਂਤ ਅਤੇ ਆਦਰ ਨਾਲ ਗੱਲ ਕਰੋ।
- ਜੋ ਤੁਸੀਂ ਵੇਖਿਆ ਜਾਂ ਸੁਣਿਆ ਹੈ, ਉਹ ਸਾਫ਼-ਸਾਫ਼ ਦੱਸੋ।
- ਗੱਲ ਕਰਨ ਲਈ ਸ਼ਾਂਤ ਸਮਾਂ ਚੁਣੋ।
- ਗੱਲ ਕਰਨ ਲਈ ਬੱਚਿਆਂ ਤੋਂ ਰਹਿਤ ਥਾਂ ਚੁਣੋ।
- ਜੇ ਲੋੜ ਹੋਵੇ ਤਾਂ ਗੱਲ ਡਾਇਰੈਕਟਰ ਤੱਕ ਲੈ ਜਾਓ।

### ਨਾ ਕਰੋ

- ਦੋਸ਼ ਜਾਂ ਇਲਜ਼ਾਮ ਨਾ ਲਗਾਓ।
- ਆਵਾਜ਼ ਉੱਚੀ ਨਾ ਕਰੋ।
- ਆਪਣੀ ਚਿੰਤਾ ਨੂੰ ਨਜ਼ਰਅੰਦਾਜ਼ ਨਾ ਕਰੋ।
- ਇਹ ਨਾ ਭੁੱਲੋ ਕਿ ਬੱਚੇ ਦੀ ਸੁਰੱਖਿਆ ਸਭ ਤੋਂ ਪਹਿਲਾਂ ਹੈ।
- ਇਹ ਨਾ ਸੋਚੋ ਕਿ ਕੋਈ ਹੋਰ ਆਵਾਜ਼ ਉਠਾਏਗਾ।

## ਮਾਪਿਆਂ ਲਈ ਗੱਲਬਾਤ ਦੇ ਤਰੀਕੇ

### ਐਜੂਕੇਟਰ ਨਾਲ ਗੱਲ ਕਰਨਾ

"ਮੈਂ ਅੱਜ ਕੁੱਝ ਅਜਿਹਾ ਵੇਖਿਆ, ਜੋ ਮੈਨੂੰ ਠੀਕ ਨਹੀਂ ਲੱਗਿਆ। ਕੀ ਤੁਸੀਂ ਮੈਨੂੰ ਇਹ ਸਮਝਾਉਣ ਵਿੱਚ ਮਦਦ ਕਰ ਸਕਦੇ ਹੋ ਕਿ ਕੀ ਹੋਇਆ?"

### ਡਾਇਰੈਕਟਰ ਨਾਲ ਗੱਲ ਕਰਨਾ

"ਮੈਂ ਆਪਣੀ ਚਿੰਤਾ ਬਾਰੇ ਇੱਕ ਐਜੂਕੇਟਰ ਨਾਲ ਗੱਲ ਕੀਤੀ ਹੈ, ਪਰ ਮੈਨੂੰ ਅਜੇ ਵੀ ਪੂਰੀ ਤਰ੍ਹਾਂ ਭਰੋਸਾ ਨਹੀਂ ਹੈ। ਕੀ ਅਸੀਂ ਇਸ ਬਾਰੇ ਇਕੱਠੇ ਗੱਲ ਕਰ ਸਕਦੇ ਹਾਂ?"

### ਜੇਕਰ ਤੁਸੀਂ ਆਪਣੀ ਪਹਿਚਾਣ ਨਹੀਂ ਦੱਸਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣਾ ਨਾਮ ਸਾਂਝਾ ਕੀਤੇ ਬਿਨਾਂ ਈਮੇਲ ਜਾਂ ਫ਼ੋਨ ਰਾਹੀਂ ਆਪਣੀਆਂ ਚਿੰਤਾਵਾਂ ਬਾਰੇ ਦੱਸ ਸਕਦੇ ਹੋ ਅਤੇ ਗੁਪਤ ਰਹਿਣ ਲਈ ਕਹਿ ਸਕਦੇ ਹੋ।

"ਹੈਲੋ, ਮੈਂ ਬੱਚਿਆਂ ਦੀ ਦੇਖਭਾਲ ਕਰਨ ਦੇ ਤਰੀਕੇ ਬਾਰੇ ਇੱਕ ਚਿੰਤਾ ਸਾਂਝੀ ਕਰਨਾ ਚਾਹੁੰਦੀ ਹਾਂ। ਮੈਂ ਆਪਣੀ ਪਹਿਚਾਣ ਗੁਪਤ ਰੱਖਣਾ ਚਾਹੁੰਦੀ ਹਾਂ, ਪਰ ਮੈਂ ਚਾਹੁੰਦੀ ਹਾਂ ਕਿ ਤੁਸੀਂ ਇਸ ਮਾਮਲੇ ਦੀ ਜਾਂਚ ਕਰੋ।"

"ਮੈਂ ਇੱਕ ਚਿੰਤਾ ਸਾਂਝੀ ਕਰਨ ਲਈ ਫ਼ੋਨ ਕਰ ਰਿਹਾ ਹਾਂ। ਮੈਂ ਆਪਣਾ ਨਾਮ ਨਹੀਂ ਦੱਸਣਾ ਚਾਹੁੰਦਾ।"

### ਜੇਕਰ ਦੂਜੇ ਮਾਪੇ ਵੀ ਇਹੋ ਜਿਹੀ ਚਿੰਤਾ ਸਾਂਝੀ ਕਰਦੇ ਹਨ

"ਸਾਡੇ ਵਿੱਚੋਂ ਕੁੱਝ ਲੋਕਾਂ ਨੇ ਇੱਕ ਗੱਲ ਨੋਟ ਕੀਤੀ ਹੈ ਅਤੇ ਅਸੀਂ ਅਸਹਿਜ ਮਹਿਸੂਸ ਕਰ ਰਹੇ ਹਾਂ। ਕੀ ਤੁਸੀਂ ਦੱਸ ਸਕਦੇ ਹੋ ਕਿ ਇਹ ਆਮ ਤੌਰ 'ਤੇ ਕਿਵੇਂ ਕੀਤਾ ਜਾਂਦਾ ਹੈ?"

"ਕੁੱਝ ਮਾਪਿਆਂ ਨੇ ਬੱਚਿਆਂ ਨੂੰ ਇਕੱਲੇ ਕਿਸੇ ਥਾਂ 'ਤੇ ਲਿਜਾਏ ਜਾਂਦੇ ਵੇਖਿਆ ਹੈ। ਕੀ ਤੁਸੀਂ ਸਾਨੂੰ ਇਸ ਬਾਰੇ ਆਪਣੇ ਨਿਯਮ ਦੱਸ ਸਕਦੇ ਹੋ?"



ਚੈਪਟਰ 4

# ਆਸਟ੍ਰੇਲੀਆਈ ਬਚਪਨ ਦੀ ਸਿੱਖਿਆ ਅਤੇ ਦੇਖਭਾਲ ਦੇ ਨਿਯਮ

**ਜਦੋਂ ਮਾਪਿਆਂ ਨੂੰ ਇਹ ਪਤਾ ਹੁੰਦਾ ਹੈ ਕਿ ਸ਼ੁਰੂਆਤੀ ਬਾਲ ਸਿੱਖਿਆ ਅਤੇ ਦੇਖਭਾਲ ਵਿੱਚ ਕਿਹੜੀ ਚੀਜ਼ ਦੀ ਆਗਿਆ ਹੈ ਅਤੇ ਕਿਹੜੀ ਦੀ ਨਹੀਂ, ਤਾਂ ਬੱਚੇ ਸਭ ਤੋਂ ਵੱਧ ਸੁਰੱਖਿਅਤ ਹੁੰਦੇ ਹਨ। ਆਸਟ੍ਰੇਲੀਆ ਵਿੱਚ, ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਖ਼ਤ ਨਿਯਮ ਹਨ। ਇਹ ਨਿਯਮ ਹੋਰ ਦੇਸ਼ਾਂ ਤੋਂ ਵੱਖ ਹੋ ਸਕਦੇ ਹਨ।**

## ਚਾਰ ਗੱਲਾਂ, ਜੋ ਮਾਪਿਆਂ ਨੂੰ ਪਤਾ ਹੋਣੀਆਂ ਚਾਹੀਦੀਆਂ ਹਨ

1. ਬੱਚਿਆਂ ਦੀ ਹਰ ਵੇਲੇ ਨਿਗਰਾਨੀ ਕੀਤੀ ਜਾਣੀ ਲਾਜ਼ਮੀ ਹੈ।
2. ਐਜੂਕੇਟਰਾਂ ਨੂੰ ਬੱਚਿਆਂ ਦੀ ਦੇਖਭਾਲ ਲਈ ਸਪੱਸ਼ਟ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।
3. ਮਾਪਿਆਂ ਨੂੰ ਸਵਾਲ ਪੁੱਛਣ ਅਤੇ ਸਪੱਸ਼ਟ ਜਵਾਬ ਪ੍ਰਾਪਤ ਕਰਨ ਦਾ ਅਧਿਕਾਰ ਹੈ
4. ਬੱਚਿਆਂ ਦੀਆਂ ਤਸਵੀਰਾਂ ਅਤੇ ਨਿੱਜਤਾ ਦੀ ਹਰ ਵੇਲੇ ਸੁਰੱਖਿਆ ਕੀਤੀ ਜਾਣੀ ਲਾਜ਼ਮੀ ਹੈ।

### ਬੱਚਿਆਂ ਦੀ ਦੇਖਭਾਲ ਵਿੱਚ ਸਰੀਰਕ ਪਿਆਰ

**ਕਰੋ**

- ਜਦੋਂ ਬੱਚੇ ਨੂੰ ਲੋੜ ਹੋਵੇ, ਤਾਂ ਮਦਦ ਕਰਨਾ, ਰਾਹ ਦਿਖਾਉਣਾ ਜਾਂ ਦਿਲਾਸਾ ਦੇਣ ਲਈ ਗਲਵੱਕੜੀ ਪਾਉਣਾ ਠੀਕ ਹੈ।
- ਐਜੂਕੇਟਰ ਨੂੰ ਛੂਹਣ ਤੋਂ ਪਹਿਲਾਂ ਬੱਚੇ ਤੋਂ ਪੁੱਛਣਾ ਜਾਂ ਇਹ ਦੇਖਣਾ ਚਾਹੀਦਾ ਹੈ ਕਿ ਬੱਚਾ ਸਹਿਜ ਮਹਿਸੂਸ ਕਰ ਰਿਹਾ ਹੈ ਜਾਂ ਨਹੀਂ।
- ਅਪਾਹਜਤਾ ਵਾਲੇ ਬੱਚਿਆਂ ਨੂੰ ਵੱਧ ਸਹਾਇਤਾ ਦੀ ਲੋੜ ਹੋ ਸਕਦੀ ਹੈ। ਫਿਰ ਵੀ ਉਹਨਾਂ ਨੂੰ ਆਪਣੀ ਮਰਜ਼ੀ ਅਤੇ ਸੁਰੱਖਿਅਤ, ਆਦਰਭਰੀ ਛੋਹ ਦਾ ਅਧਿਕਾਰ ਹੈ।

**ਨਾ ਕਰੋ**

- ਬੱਚੇ ਨੂੰ ਚੁੰਮਣਾ ਜਾਂ ਬਿਨ੍ਹਾ ਮਰਜ਼ੀ ਛੂਹਣਾ ਠੀਕ ਨਹੀਂ ਹੈ।

### ਬੱਚਿਆਂ ਦੀ ਦੇਖਭਾਲ ਵਿੱਚ ਅਨੁਸ਼ਾਸਨ

**ਕਰੋ**

- ਐਜੂਕੇਟਰ ਸ਼ਾਂਤ ਸ਼ਬਦਾਂ, ਮਾਰਗਦਰਸ਼ਨ ਅਤੇ ਸੁਰੱਖਿਅਤ ਤਰੀਕਿਆਂ ਨਾਲ ਵਿਵਹਾਰ ਨਾਲ ਨਜਿੱਠਦੇ ਹਨ।

**ਨਾ ਕਰੋ**

- ਆਸਟ੍ਰੇਲੀਆ ਵਿੱਚ, ਸ਼ੁਰੂਆਤੀ ਬਚਪਨ ਸਿੱਖਿਆ ਅਤੇ ਦੇਖਭਾਲ ਵਿੱਚ ਮਾਰਨਾ ਜਾਂ ਸਰੀਰਕ ਸਜ਼ਾ ਦੇਣਾ ਕਦੇ ਵੀ ਮਨਜ਼ੂਰ ਨਹੀਂ ਹੈ।
- ਜੇਕਰ ਤੁਸੀਂ ਮਾਰਨ ਜਾਂ ਸਰੀਰਕ ਸਜ਼ਾ ਦੇਣ ਬਾਰੇ ਵੇਖੋ ਜਾਂ ਸੁਣੋ, ਤਾਂ ਤੁਸੀਂ ਡਾਇਰੈਕਟਰ ਨਾਲ ਗੱਲ ਕਰਕੇ ਵਜ੍ਹਾ ਪੁੱਛ ਸਕਦੇ ਹੋ। ਲੋੜ ਪੈਣ 'ਤੇ, ਤੁਸੀਂ ਇਸ ਚਿੰਤਾ ਨੂੰ ਅੱਗੇ ਵੀ ਲੈ ਜਾ ਸਕਦੇ ਹੋ।




### ਮਾਪੇ ਇਹ ਸਵਾਲ ਪੁੱਛ ਸਕਦੇ ਹਨ

- ਕੀ ਤੁਸੀਂ ਬੱਚਿਆਂ ਨੂੰ ਛੂਹਣ ਬਾਰੇ ਆਪਣੇ ਨਿਯਮ ਸਮਝਾ ਸਕਦੇ ਹੋ?
- ਕੀ ਤੁਸੀਂ ਦੱਸ ਸਕਦੇ ਹੋ ਕਿ ਤੁਸੀਂ ਬੱਚਿਆਂ ਦੇ ਅਸੁਰੱਖਿਅਤ ਵਿਵਹਾਰ ਨਾਲ ਕਿਵੇਂ ਨਜਿੱਠਦੇ ਹੋ?
- ਕੀ ਤੁਸੀਂ ਤਸਵੀਰਾਂ ਖਿੱਚਣ ਅਤੇ ਸਾਂਝੀਆਂ ਕਰਨ ਬਾਰੇ ਆਪਣੇ ਨਿਯਮ ਸਮਝਾ ਸਕਦੇ ਹੋ?





GenWest ਅਤੇ Body Safety Australia ਇਹ ਮੰਨਦੇ ਹਨ ਕਿ ਜਿਸ ਜ਼ਮੀਨ ‘ਤੇ ਅਸੀਂ ਕੰਮ ਕਰਦੇ ਅਤੇ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ, ਉਹ ਹਮੇਸ਼ਾ ਤੋਂ ਅਤੇ ਹਮੇਸ਼ਾ ਹੀ ਐਬੋਰਿਜ਼ਨਲ ਲੋਕਾਂ ਦੀ ਧਰਤੀ ਰਹੀ ਹੈ। ਅਸੀਂ ਅਤੀਤ ਅਤੇ ਮੌਜੂਦਾ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ।

ਅਸੀਂ ਮਾਣ ਨਾਲ Naarm (ਨਾਰਮ) ਅਤੇ ਮੈਲਬੌਰਨ ਦੇ ਪੱਛਮੀ ਇਲਾਕੇ ਵਿੱਚ ਰਹਿਣ ਵਾਲੇ ਫਸਟ ਨੇਸ਼ਨਜ਼ ਭਾਈਚਾਰਿਆਂ, Kulin Nation (ਕੁਲਿਨ ਨੇਸ਼ਨ) ਦੇ Wurundjeri (ਵੁਰੰਡਜੇਰੀ) ਅਤੇ Bunurong (ਬੁਨੂਰੋਂਗ) ਲੋਕਾਂ ਨੂੰ ਸਵੀਕਾਰਦੇ ਹਾਂ। ਅਸੀਂ ਉਹਨਾਂ ਦੀ ਅਮੀਰ ਵੰਨ-ਸੁਵੰਨਤਾ, ਸੱਭਿਆਚਾਰਾਂ, ਇਤਿਹਾਸ ਅਤੇ ਗਿਆਨ ਨੂੰ ਸਵੀਕਾਰਦੇ ਹਾਂ, ਅਤੇ ਇਸ ਇਲਾਕੇ ਦੇ ਜੀਵਨ ਵਿੱਚ ਉਨ੍ਹਾਂ ਦੇ ਡੂੰਘੇ ਯੋਗਦਾਨ ਦਾ ਸਤਿਕਾਰ ਕਰਦੇ ਹਾਂ।

ਅਸੀਂ ਬਸਤੀਵਾਦ ਦੇ ਨਿਰੰਤਰ ਚੱਲ ਰਹੇ ਪ੍ਰਭਾਵਾਂ ਦੇ ਨਾਲ-ਨਾਲ, ਫ਼ਸਟ ਨੇਸ਼ਨ ਦੇ ਲੋਕਾਂ ਦੀ ਤਾਕਤ ਅਤੇ ਹਿੰਮਤ ਨੂੰ ਵੀ ਸਵੀਕਾਰ ਕਰਦੇ ਹਾਂ, ਅਤੇ ਜ਼ਮੀਨੀ ਹੱਕਾਂ, ਸਵੈ-ਨਿਰਣੇ, ਖ਼ੁਦਮੁਖਤਿਆਰੀ, ਅਤੇ ਪਿਛਲੀਆਂ ਬੇਇਨਸਾਫ਼ੀਆਂ ਨੂੰ ਸਵੀਕਾਰਨ ਲਈ ਚੱਲ ਰਹੇ ਸੰਘਰਸ਼ ਨਾਲ ਆਪਣੀ ਇਕਜੁੱਟਤਾ ਪ੍ਰਗਟ ਕਰਦੇ ਹਾਂ।